# ਸੈਰ-ਸਪਾਟਾ: ਸਭਿਆਚਾਰਕ ਸ੍ਰੋਤ ਅਤੇ ਵਰਤਾਰੇ ਵਜੋਂ

**ਡਾ. ਪ੍ਰੈਟੀ ਸੋਢੀ***

ਦੇਸ਼ ਦੀ ਆਰਥਿਕਤਾ ਖੁਸ਼ਹਾਲ ਬਣਾਉਣ ਦੇ ਨਾਲ-ਨਾਲ ਸੈਰ-ਸਪਾਟੇ ਦਾ ਇੱਕ ਮਹੱਤਵਪੂਰਨ ਸਭਿਆਚਾਰਕ ਪਹਿਲੂ ਵੀ ਹੈ। ਦਰਅਸਲ ਸੈਰ-ਸਪਾਟਾ ਆਦਾਨ-ਪ੍ਰਦਾਨ ਦੀ ਇਕ ਅਜਿਹੀ ਪ੍ਰਕਿਰਿਆ ਹੈ ਜੋ ਕਿ ਕਿਸੇ ਵੀ ਸਭਿਆਚਾਰ ਵਿਚ ਪਰਿਵਰਤਨ ਦੀਆਂ ਇਕ ਤੋਂ ਵਧੇਰੇ ਵਿਕਾਸਮਈ ਦਿਸ਼ਾਵਾ ਵਿਚ ਫੈਲਦੀ ਹੈ। ਸੈਰ-ਸਪਾਟੇ ਦੇ ਦੌਰਾਨ ਮਨੁੱਖ ਅਚੇਤ ਜਾਂ ਸਚੇਤ ਰੂਪ ਵਿਚ ਆਪਣੇ ਸਭਿਆਚਾਰ ਤੇ ਸੰਬੰਧਤ ਖਿੱਤੇ ਦੇ ਸਭਿਆਚਾਰ ਵਿਚ ਸੰਬਾਦ ਰਚਾਉਂਣ ਦੀ ਕੋਸ਼ਿਸ਼ ਕਰਦਾ ਹੈ। ਵਿਕਾਸ-ਮੂਲਕ ਪ੍ਰਕਿਰਿਆ ਦੇ ਅੰਤਰਗਤ ਸੈਰ-ਸਪਾਟੇ ਅਤੇ ਸਭਿਆਚਰਕ ਪਰਿਵਰਤਨ ਦਾ ਉਪਰੋਕਤ ਗਹਿਰ ਸੰਬੰਧ ਮਨੁੱਖੀ ਇਤਿਹਾਸ ਦਾ ਸਭ ਤੋਂ ਦਿਲਚਸਪ ਵਿਸ਼ਾ ਹੈ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਸੈਰ-ਸਪਾਟਾ ਕਿਸੇ ਇਕ ਸਭਿਆਚਾਰ ਦੀਆਂ ਵਸਤਾਂ ਦਾ ਦੂਜੇ ਸਭਿਆਚਰ ਦੀਆਂ ਵਸਤਾਂ ਵਿਚ ਕੇਵਲ ਮਕਾਨਕੀ ਮਿਸ਼ਰਣ ਹੀ ਨਹੀਂ ਕਰਦਾ ਬਲਕਿ ਇਹ ਇਕ ਅਜਿਹੀ ਪ੍ਰਕਿਰਿਆ ਵਜੋਂ ਸਾਹਮਣੇ ਆਉਂਦਾ ਹੈ ਜਿਸ ਦੀ ਕਿ ਆਪਣੀ ਮੌਲਿਕ ਪਛਾਣ ਹੁੰਦੀ ਹੈ। ਮਨੁੱਖ ਦੀ ਓਪਰੀਆਂ ਚੀਜ਼ਾਂ ਨੂੰ ਸਮਝਣ ਦੀ ਦਿਲਚਸਪੀ ਹੀ ਇਸ ਸਾਰੇ ਵਰਤਾਰੇ ਦੀ ਪਿੱਠ-ਭੂਮੀ ਵਿਚ ਕਾਰਜ਼ਸ਼ੀਲ ਇਕ ਅਹਿਮ ਕਾਰਨ ਹੈ।

ਸੈਰ-ਸਪਾਟਾ ਇਕ ਅਜਿਹਾ ਖੇਤਰ ਹੈ ਜੋ ਕਿ ਦੂਸਰੇ ਖੇਤਰਾਂ ਨਾਲ ਨਾ ਕੇਵਲ ਡੂੰਘੇ ਤੌਰ ਉਤੇ ਜੁੜਿਆ ਹੁੰਦਾ ਹੈ ਬਲਕਿ ਕਈ ਵਾਰ ਪੂਰੀ ਤਰ੍ਹਾਂ ਉਨ੍ਹਾਂ ਉੱਤੇ ਨਿਰਭਰ ਵੀ ਕਰਦਾ ਹੈ। ਸੈਰ-ਸਪਾਟੇ ਦੇ ਸ਼ੁਰੂ ਹੋਣ ਤੋਂ ਲੈ ਕੇ ਖ਼ਤਮ ਹੋਣ ਤੱਕ ਉਪਭੋਗਤਾ ਦਾ ਤਾਅਲੁੱਕ ਇਕ ਤੋਂ ਵਧੇਰੇ ਸੇਵਾਵਾਂ ਨਾਲ ਰਹਿੰਦਾ ਹੈ। ਇਸ ਦੌਰਾਨ ਉਹ ਸਾਧਾਰਨ ਰੂਪ ਵਿਚ ਪ੍ਰਸਪਰ ਸਾਂਝ, ਨਿਕਟਤਾ ਆਦਿ ਗ੍ਰਹਿਣ ਕਰਦਾ ਹੈ। ਇਹ ਉਪਭੋਗਤਾ ਹਕੀਕਤ ਵਿਚ ਆਪਣੇ ਸਭਿਆਚਾਰ ਦਾ ਪ੍ਰਤੀਨਿਧਤਵ ਕਰਦਾ ਹੈ ਅਤੇ ਸੈਰ-ਸਪਾਟੇ ਦੌਰਾਨ ਇਹ ਕਿ ਦੂਸਰੇ ਸਭਿਆਚਾਰ ਤੋਂ ਵਿਭਿੰਨ ਜੁਗਤਾਂ, ਸੰਦ, ਸੰਸਥਾਵਾਂ, ਵਿਸ਼ਵਾਸ਼ ਅਤੇ ਰੀਤੀ-ਰਿਵਾਜ਼ ਹਾਸਲ ਕਰਦਾ ਹੈ। ਇਥੇ ਜ਼ਿਕਰਯੋਗ ਹੈ ਕਿ ਕਾਲ ਦੇ ਪ੍ਰਵਾਹ ਵਿੱਚ ਸੈਰ-ਸਪਾਟੇ ਦੇ ਪਰਿਣਾਮ ਸਰੂਪ ਪੈਦਾ ਹੋਈ ਇਹ ਪ੍ਰਕਿਰਿਆ ਵਿਸ਼ਾਲ ਪੈਮਾਨੇ ਉੱਤੇ ਵਾਪਰਦੀ ਹੈ। ਪਰੰਤੂ ਇਹ ਸਪੱਸ਼ਟ ਕਰ ਦੇਣਾ ਵੀ ਜ਼ਰੂਰੀ ਹੈ ਕਿ

* ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਐਮ.ਜੀ.ਐਸ.ਐਮ. ਜਨਤਾ ਕਾਲਜ, ਕਰਤਾਰਪੁਰ

ਇਸ ਪ੍ਰਕਿਰਿਆ ਦਾ ਮੁੱਖ ਆਧਾਰ ਪ੍ਰਭਾਵ ਹੁੰਦਾ ਹੈ ਆਘਾਤ ਨਹੀਂ, ਅਰਥਾਤ ਇਹ ਰੁਝਾਨ ਸੁਚੇਤ ਪੱਧਰ ਉਤੇ ਨਾਕਾਰਤਮਕ ਸਿੱਟੇ ਪੈਦਾ ਨਹੀਂ ਕਰਦਾ। ਇਸ ਤਰ੍ਹਾਂ ਸੈਰ-ਸਪਾਟੇ ਦੇ ਮਾਧਿਅਮ ਰਾਹੀਂ ਇਕ ਸਕਾਫ਼ਤ ਦਾ ਦੂਸਰੀ ਸਕਾਫ਼ਤ ਨਾਲ ਇਕ ਖ਼ਾਸ ਕਿਸਮ ਦਾ ਅਨੁਕੂਲਨ ਜਾਂ ਪ੍ਰਤੀਕਰਮ ਪੈਦਾ ਹੁੰਦਾ ਹੈ। ਇਕ ਉਪਭੋਗਤਾ ਆਪਣੇ ਸੈਰ-ਸਪਾਟੇ ਵਿਚ ਉਸੇ ਭੂਗੋਲਿਕ ਖਿੱਤੇ ਨੂੰ ਪਹਿਲ ਦਿੰਦਾ ਹੈ ਜੋ ਕਿ ਉਸ ਨੂੰ ਵਰਤਮਾਨ ਅਤੇ ਪ੍ਰਾਪਤ ਤੋਂ ਬਿਹਤਰ ਜਾਪਦਾ ਹੈ। ਬਿਹਤਰੀ ਦੀ ਅਜਿਹੀ ਕਾਮਨਾ ਕਈ ਵਾਰ ਸਭਿਆਚਾਰਕ ਇਨਕਲਾਬ ਦੇ ਪ੍ਰਸੰਗ ਵਿਚ ਮਨੁੱਖੀ ਸਰਗਰਮੀ ਦੇ ਮੂਲ ਪ੍ਰੇਰਕ ਉਦੇਸ਼ ਅਤੇ ਕਿਰਤ ਵਿਧੀ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੰਦੀ ਹੈ। ਸੈਰ-ਸਪਾਟੇ ਦਾ ਪ੍ਰਕਰਨ ਉਥੇ ਜ਼ਿੰਦਗੀ ਵਿਚ ਕਈ ਵਾਰ ਨਿਰਣਾਇਕ ਮੋੜ ਸਾਬਤ ਹੁੰਦਾ ਹੈ। ਇਸ ਦੇ ਫਲਸਰੂਪ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਉਹ ਇਸ ਦਾ ਪ੍ਰਚਾਰ ਅਤੇ ਪ੍ਰਸਾਰ ਸਮਾਜ ਦੇ ਵਿਭਿੰਨ ਵਰਗਾਂ ਵਿਚ ਕਰਦਾ ਹੈ। ਅਜਿਹੀ ਸਥਿਤੀ ਦੀ ਗਤੀ ਬਹੁਤੀ ਵਾਰ ਇੰਨੀ ਧੀਮੀ ਹੁੰਦੀ ਹੈ ਕਿ ਸਤਹੀ ਪੱਧਰ ਉਤੇ ਕੁਝ ਵੀ ਵਾਪਰਦਾ ਮਹਿਸੂਸ ਨਹੀਂ ਹੁੰਦਾ। ਪਰ ਦਰਅਸਲ ਸੈਰ-ਸਪਾਟਾ ਕਿਸੇ ਵੀ ਸਭਿਆਚਾਰ ਦੀਆਂ ਬੁਨਿਆਦੀ ਕੀਮਤਾਂ ਨੂੰ ਨਿਰੰਤਰ ਪੁਨਰ-ਪਰਿਭਾਸ਼ਿਤ ਕਰਨ ਵਿਚ ਗਤੀਸ਼ੀਲ ਹੁੰਦਾ ਹੈ। ਅਜ਼ੋਕੇ ਦੌਰ ਵਿਚ ਜਦੋਂ ਕਿ ਸੰਚਾਰ ਦੇ ਅਤਿ ਵਿਕਸਿਤ ਸਾਧਨ ਬਹੁ-ਗਿਣਤੀ ਦੀ ਪਹੁੰਚ ਵਿਚ ਹਨ ਉਸ ਵਕਤ ਸੈਰ-ਸਪਾਟੇ ਦੇ ਉਪਰੋਕਤ ਸਭਿਆਚਾਰਕ ਮੱਹਤਵ ਦੇ ਭਵਿੱਖ ਪ੍ਰਤੀ ਕੁਝ ਵਿਦਵਾਨਾਂ ਵਲੋਂ ਚਿੰਤਾ ਜਤਾਈ ਗਈ ਹੈ। ਉਨ੍ਹਾਂ ਦਾ ਮੱਤ ਹੈ ਕਿ ਸੈਰ-ਸਪਾਟਾ ਸੰਚਾਰ ਦੇ ਅਤਿ ਵਿਕਸਿਤ ਸਾਧਨਾਂ ਦਾ ਮੁਕਾਬਲਾ ਕਰਨ ਦੀ ਸਮਰੱਥਾ ਨਹੀਂ ਰੱਖਦਾ, ਪਰੰਤੂ ਇਹ ਸਮੱਸਿਆ ਸਿੱਧਾਂਤਕ ਪੱਧਰ ਉਪਰ ਜਿਸ ਪ੍ਰਕਾਰ ਪੇਸ਼ ਕੀਤੀ ਗਈ ਹੈ ਵਿਹਾਰਕ ਪੱਧਰ ਉਪਰ ਅਜਿਹੀ ਨਹੀਂ ਹੈ। ਇਸ ਦਾਕਾਰਨ ਇਹ ਹੈ ਕਿ ਮਨੁੱਖ ਆਪਣੀ ਪ੍ਰਕਿਰਤੀ ਵਿਚ ਮਕਾਨਕੀ ਨਹੀਂ ਬਲਕਿ ਸਹਿਜ ਹੈ। ਬੇਸ਼ੱਕ ਵਰਤਮਾਨ ਸਮੇਂ ਵਿਚ ਵਿਗਿਆਨ ਦੀ ਸਖ਼ਤ ਮਿਹਨਤ ਦੇ ਸਿੱਟੇ ਵਜੋਂ ਸੰਚਾਰ ਦੇ ਅਤਿ ਵਿਕਸਿਤ ਯੰਤਰ ਇਕ ਸਭਿਆਚਾਰ ਦੇ ਦੂਜੇ ਸਭਿਆਚਾਰ ਨਾਲ ਸੰਪਰਕ ਮਾਧਿਅਮ ਵਜੋਂ ਮੌਜੂਦ ਹਨ ਪਰ ਕੇਵਲ ਇਨ੍ਹਾਂ ਹੀ ਕਾਫੀ ਨਹੀਂ। ਦਰਅਸਲ ਸਭਿਆਚਾਰ ਸੂਚਨਾ ਨਾਲੋਂ ਵਧੇਰੇ ਗਿਆਨ ਨਾਲ ਸੰਬੰਧ ਰੱਖਦਾ ਹੈ। ਜਿਸ ਸਮਾਜ ਵਿਚ ਇਹ ਕਾਢਾਂ ਤੇ ਉਨੱਤੀਆਂ ਹੋਈਆਂ ਹਨ ਉਨ੍ਹਾਂ ਸਭਿਆਚਾਰਾਂ ਨੇ ਇਸ ਪ੍ਰਕਿਰਿਆ ਨੂੰ ਸਹਿਜੇ ਹੀ ਜਨਮ ਦਿੱਤਾ ਹੁੰਦਾ ਹੈ। ਉਹ ਇਸ ਨੂੰ ਸੁਭਾਵਿਕ ਰੂਪ ਵਿਚ ਜ਼ਜ਼ਬ ਕਰ ਲੈਣ ਦੀ ਸ਼ਕਤੀ ਰੱਖਦੇ ਹਨ। ਭਾਵੇਂ ਕਿ ਉਥੇ ਵੀ ਇਸਦੇ ਵੱਖਰੇ ਪ੍ਰਭਾਵ ਅਤੇ ਪਰਿਣਾਮ ਭਵਿੱਖ ਵਿਚ ਜ਼ਰੂਰ ਨਜ਼ਰ

ਆਉਣਗੇ। ਪਰ ਤੀਸਰੀ ਦੁਨੀਆਂ ਦੇ ਘੱਟ ਵਿਕਸਿਤ ਦੇਸ਼ਾਂ ਵਿਚ ਪਰਿਵਰਤਨ ਦੇ ਇਹ ਮਕਾਨਕੀ ਵਰਤਾਰੇ ਵਿਭਿੰਨ ਭਵਿੱਖਮੁਖੀ ਸਭਿਆਚਾਰਕ ਸੰਕਟਾਂ ਦੇ ਜਨਮਦਾਤਾ ਬਣ ਰਹੇ ਹਨ। ਸਭਿਆਚਾਰਕ ਹੀਣਤਾ ਦਾ ਭਾਵ ਅਜਿਹੀ ਸਥਿਤੀ ਦਾ ਹੀ ਲਾਜ਼ਮੀ ਪਰਿਣਾਮ ਹੈ। ਇਸ ਤੋਂ ਇਲਾਵਾ ਕੁਝ ਸਭਿਆਚਾਰਾਂ ਨੂੰ ਪਛੜੇ ਜਾਂ ਵਿਕਸਿਤ ਵਰਗਾਂ ਵਿਚ ਵੰਡਣਾ ਅਤੇ ਮੰਨਣਾ ਇਸੇ ਵਰਤਾਰੇ ਦਾ ਹੀ ਇਕ ਹੋਰ ਕ੍ਰਿਸ਼ਮਾ ਹੈ। ਮਕਾਨਕੀ ਸੰਪਰਕ ਦੀ ਇਹ ਸਥਿਤੀ ਉਪਰੋਕਤ ਤੋਂ ਇਲਾਵਾ ਵੀ ਕਈ ਸੰਕਟਾਂ, ਵਿਰੋਧਾਂ, ਅੰਤਰਵਿਰੋਧਾਂ ਅਤੇ ਅਸੰਤੁਲਨਾ ਦਾ ਕਾਰਨ ਬਣਦੀ ਹੈ। ਭਾਰਤੀਆਂ ਦੇ ਆਹਾਰ, ਵਿਹਾਰ, ਪਹਿਰਾਵੇ ਤੇ ਵਿਭਿੰਨ ਕੀਮਤਾਂ ਵਿਚ ਪੱਛਮੀ ਸਭਿਆਚਾਰਾਂ ਦੇ ਅੰਨੇ ਅਨੁਕਰਣ ਦੀ ਪ੍ਰਵਿਰਤੀ ਨੂੰ ਉਪਰੋਕਤ ਪ੍ਰਸੰਗ ਵਿਚ ਸਪੱਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਇਸ ਸੰਕਟ ਦੇ ਸਮਾਧਾਨ ਦੇ ਵਿਕਲਪ ਵਜੋਂ ਸੈਰ-ਸਪਾਟਾ ਭੱਵਿਖ ਦਾ ਇਕ ਅਹਿਮ ਸਰੋਕਾਰ ਬਣਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸੰਚਾਰ ਸਾਧਨਾਂ ਦੀ ਤੁਲਨਾ ਵਿਚ ਸੈਰ-ਸਪਾਟੇ ਦੇ ਮਾਧਿਅਮ ਰਾਹੀਂ ਉਪਰੋਕਤ ਸਭਿਆਚਾਰ ਪਛੜੇਵੇਂ ਨੂੰ ਮਿਟਾਉਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਅੰਤਰ ਕੇਵਲ ਦ੍ਰਿਸ਼ਟੀ ਵਿਚ ਨਿਹਿਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੈਰ-ਸਪਾਟੇ ਦੇ ਜ਼ਰੀਏ ਵੀ ਸਭਿਆਚਾਰੀਕਰਨ ਦੀ ਪ੍ਰਕਿਰਿਆ ਵਾਪਰਦੀ ਹੈ ਪਰੰਤੂ ਇਹ ਆਪਣੇ ਸਰੂਪ ਵਿਚ ਮਕਾਨਕੀ ਅਤੇ ਆਰੋਪਿਤ ਨਹੀਂ ਹੁੰਦੀ। ਸੈਰ-ਸਪਾਟੇ ਦੇ ਸਿੱਟੇ ਵਜੋਂ ਪ੍ਰਾਪਤ ਹੋਏ ਅਨੁਭਵ ਕਿਸੇ ਵੀ ਸਮੂਹ ਨੂੰ ਤਾਰਕਿਕ ਦ੍ਰਿਸ਼ਟੀ ਤੋਂ ਸਵੈ ਦਾ ਵਿਸ਼ਲੇਸ਼ਣ ਕਰਨ ਦੀ ਦਿਸ਼ਾ ਵੱਲ ਤੋਰਦੇ ਹਨ। ਇਸ ਕਾਰਨ ਉਹ ਵਿਕਸਿਤ ਜਾਂ ਪੱਛੜੇ ਹੋਏ ਸਭਿਆਚਾਰ ਵਰਗੇ ਭ੍ਰਾਂਤੀਮੂਲਕ ਸੰਕਲਪਾਂ ਦੇ ਮੋਹ ਜਾਲ ਵਿਚ ਨਹੀਂ ਫਸਦਾ। ਇਸ ਪ੍ਰਕਾਰ ਵਿਦਵਾਨਾਂ ਦੀ ਉਪਰੋਕਤ ਧਾਰਨਾ ਕਿ ਸੈਰ-ਸਪਾਟਾ ਭੱਵਿਖ ਵਿਚ ਅਤਿ ਵਿਕਸਿਤ ਸੰਚਾਰ ਸਾਧਨਾ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਹੈ ਆਪਣੇ ਆਪ ਰੱਦ ਹੋ ਜਾਂਦੀ ਹੈ। ਵਾਸਤਵ ਵਿਚ ਸੰਚਾਰ ਸਾਧਨ ਸੈਰ-ਸਪਾਟੇ ਦੇ ਖੇਤਰ ਦੇ ਵਿਰੋਧੀ ਵਜੋਂ ਭੂਮਿਕਾ ਨਹੀਂ ਨਿਭਾਉਂਦੇ ਬਲਕਿ ਉਹ ਇਸਦੇ ਸਹਾਇਕ ਵਜੋਂ ਕਾਰਜਸ਼ੀਲ ਹੁੰਦੇ ਹਨ। ਵਰਤਮਾਨ ਸਮੇਂ ਵਿਚ ਇੰਟਰਨੈੱਟ ਦੁਆਰਾ ਸੈਰ-ਸਪਾਟਾ ਵਧੇਰੇ ਮਨੋਰੰਜਕ, ਉਪਯੋਗੀ ਅਤੇ ਉਦੇਸ਼ਮੁਖੀ ਹੋ ਗਿਆ ਹੈ। ਵਿਸ਼ਵ ਦੇ ਕਈ ਦੇਸ਼ਾਂ ਵਲੋਂ ਆਪੋ-ਆਪਣੀਆਂ ਸੈਰ-ਸਪਾਟੇ ਵਾਲੀਆਂ ਥਾਵਾਂ ਬਾਰੇ ਜਾਣਕਾਰੀ ਪੂਰੇ ਵਿਸ਼ਵ ਨੂੰ ਵੈਬਸਾਈਟਸ ਦੇ ਜ਼ਰੀਏ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸੰਚਾਰ ਮਾਧਿਅਮਾਂ ਦੇ ਸਦਕਾ ਹੀ ਸੈਰ-ਸਪਾਟੇ ਦੇ ਨਾਲ ਜੁੜਿਆ ਹੋਇਆ ਉਪਭੋਗਤਾ ਨਿਰੰਤਰ

ਆਪਣੀ ਜਨਮ-ਭੂਮੀ ਦੇ ਸੰਪਰਕ ਵਿਚ ਰਹਿੰਦਾ ਹੈ ਅਤੇ ਭੂ-ਹੇਰਵੇ ਵਰਗੇ ਮਾਨਸਿਕ ਉਲਾਰ ਦਾ ਸ਼ਿਕਾਰ ਹੋਣੋ ਬਚਿਆ ਰਹਿੰਦਾ ਹੈ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਸੈਰ-ਸਪਾਟੇ ਦੇ ਉਦਯੋਗ ਨੂੰ ਵਿਗਿਆਨਕ ਲੀਹਾਂ ਉਪਰ ਤੋਰਨ ਵਿਚ ਆਧੁਨਿਕ ਸੰਚਾਰ ਮਾਧਿਅਮਾਂ ਨੇ ਕੇਂਦਰੀ ਭੂਮਿਕਾ ਅਦਾ ਕੀਤੀ ਹੈ। ਇਹ ਸਾਰੇ ਸਰੋਕਾਰ ਸੈਰ-ਸਪਾਟੇ ਦੇ ਸਭਿਆਚਾਰਕ ਪਹਿਲੂ ਨੂੰ ਪਹਿਲਾਂ ਨਾਲੋ ਵੀ ਵਧੇਰੇ ਮੱਹਤਵਪੂਰਨ ਅੰਦਾਜ਼ ਵਿਚ ਪੇਸ਼ ਕਰਦੇ ਹਨ।

ਸਭਿਆਚਾਰਾਂ ਤੇ ਸੈਰ-ਸਪਾਟੇ ਦੇ ਆਪਸੀ ਸੰਬੰਧਾਂ ਵਿਚੋਂ ਅੰਤਰ-ਰਾਸ਼ਟਰੀ ਮਨੁੱਖੀ ਭਾਈਚਾਰੇ ਦਾ ਅਹਿਮ ਪੱਖ ਵੀ ਉਘੜ ਕੇ ਸਾਹਮਣੇ ਆਉਂਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਵਿਸ਼ਵ ਕੇ ਕਈ ਰਾਜਨੀਤੀਵਾਨਾਂ ਨੇ ਆਪਣੇ ਸੌੜੇ ਸਵਾਰਥੀ ਹਿੱਤਾਂ ਵਾਸਤੇ ਇਕੋ ਹੀ ਸਾਂਝੇ ਸਭਿਆਚਾਰ ਵਿਚ ਵੰਡੀਆਂ ਪਾ ਕੇ ਉਸਨੂੰ ਦੋ ਵੱਖਰੇ-ਵੱਖਰੇ ਸਭਿਆਚਾਰਾਂ ਵਜੋਂ ਪਰਿਭਾਸ਼ਿਤ ਕਰਨ ਦੇ ਯਤਨ ਕੀਤੇ ਹਨ। ਇਹੀ ਨਹੀਂ ਉਨ੍ਹਾਂ ਨੇ ਭੋਲੀ-ਭਾਲੀ ਅਵਾਮ ਨੂੰ ਇਕ ਦੂਸਰੇ ਦੇ ਸੰਪਰਕ ਤੋਂ ਦੂਰ ਰੱਖਣ ਵਾਸਤੇ ਮੀਡੀਆ ਦੇ ਜ਼ਹਿਰੀਲੇ ਪ੍ਰਚਾਰ ਦਾ ਵੀ ਸਹਾਰਾ ਲਿਆ ਹੈ। ਇਸ ਪ੍ਰਕਾਰ ਇਸ ਸੰਦਰਭ ਵਿਚ ਭੂਗੋਲਿਕ ਦੂਰੀ ਇਨ੍ਹਾਂ ਕਪਟੀ ਰਾਜਨੀਤੀਵਾਨਾਂ ਦੇ ਹੱਕ ਵਿਚ ਭੁਗਤਦੀ ਦ੍ਰਿਸ਼ਟੀਗੋਚਰ ਹੁਦੀ ਹੈ। ਸਪੱਸ਼ਟ ਹੈ ਕਿ ਇਥੇ ਇਸ ਮਾਨਸਿਕ ਅਤੇ ਭੂਗੋਲਿਕ ਦੂਰੀ ਨੂੰ ਵਧਾਉਣ ਵਿਚ ਤਾਂ ਸੰਚਾਰ ਮਾਧਿਅਮ ਸਹਾਇਕ ਸਿੱਧ ਹੁੰਦੇ ਹਨ ਪਰੰਤੂ ਇਸ ਦੂਰੀ ਨੂੰ ਨੇੜਤਾ ਵਿਚ ਪਰਿਵਰਤਿਤ ਕਰਨ ਵਿਚ ਉਹ ਲਗਾਤਾਰ ਅਸਫਲ ਸਿੱਧ ਹੋਏ ਹਨ। ਇਸ ਪਸੇਮੰਜ਼ਰ ਵਿਚ ਸੈਰ-ਸਪਾਟਾ ਨਿਰਣਾਇਕ ਭੂਮਿਕਾ ਨਿਭਾ ਸਕਦਾ ਹੈ। ਜਨ-ਸਾਧਾਰਨ ਦਾ ਸੈਰ-ਸਪਾਟੇ ਦੇ ਮਾਧਿਅਮ ਰਾਹੀਂ ਵਿਸ਼ਾਲ ਪੱਧਰ ਉੱਤੇ ਹੋਇਆ ਸਭਿਆਚਾਰਕ ਆਦਾਨ-ਪ੍ਰਦਾਨ ਇਸ ਸਮੱਸਿਆ ਦਾ ਇਕ ਵਿਹਾਰਕ ਸਮਾਧਾਨ ਸਾਬਤ ਹੋ ਸਕਦਾ ਹੈ।

ਸੈਰ-ਸਪਾਟੇ ਅਤੇ ਸਭਿਆਚਾਰ ਦੇ ਨਾਲ ਜੋ ਅਗਲਾ ਨੁਕਤਾ ਸਾਂਝੇ ਤੌਰ ਉੱਤੇ ਜੁੜਿਆ ਹੋਇਆ ਹੈ ਉਹ ਭੂਗੋਲ ਹੈ। ਭੂਗੋਲ ਦੇ ਉਪਰੋਕਤ ਦੋਵਾਂ ਅਨੁਸ਼ਾਸ਼ਨਾਂ ਨਾਲ ਸੰਬੰਧ ਇਨ੍ਹਾਂ ਅਨੁਸ਼ਾਸ਼ਨਾਂ ਦੀਆਂ ਲੋੜਾਂ ਉਤੇ ਨਿਰਭਰ ਕਰਦੇ ਹਨ। ਭੂਗੋਲ ਸਭਿਆਚਾਰ ਅਤੇ ਸੈਰ-ਸਪਾਟੇ ਦੀ ਹੋਂਦ ਵਿਧੀ ਦਾ ਪ੍ਰਾਥਮਿਕ ਪਛਾਣ ਚਿੰਨ੍ਹ ਬਣ ਕੇ ਸਾਹਮਣੇ ਆਉਂਦਾ ਹੈ।ਦੋਵਾਂ ਖੇਤਰਾਂ ਦਾ ਇਤਿਹਾਸ ਅਤੇ ਵਰਤਮਾਨ ਭੂਗੋਲ ਨਾਲ ਡੂਘੇ ਤੋਰ ਉਤੇ ਜੁੜਿਆ ਹੋਇਆ ਹੈ। ਇਹ ਤਿੰਨੇ ਸੰਕਲਪ ਆਪਸ ਵਿਚ ਇਕ ਅਜਿਹੀ ਲੜੀ ਦੇ ਤਹਿਤ ਜੁੜੇ ਹੋਏ ਹਨ ਜਿਸ ਦਾ ਆਰੰਭ ਅਤੇ ਅੰਤ ਇਕ ਦੂਸਰੇ ਨਾਲ ਡੂੰਘੇ ਤੋਰ ਉਤੇ

ਅੰਤਰ-ਸੰਬੰਧਤ ਹਨ। ਭੂਗੋਲਿਕ ਖਿੱਤੇ ਦੇ ਜਲਵਾਯੂ ਅਤੇ ਮੌਸਮ ਦਾ ਵਿਸ਼ੇਸ਼ ਸਭਿਆਚਾਰ ਦੇ ਮਨੁੱਖੀ ਜੁੱਸੇ, ਸ਼ਰੀਰਕ ਬਣਤਰ, ਨੈਣ-ਨਕਸ਼ ਅਤੇ ਰੰਗ ਆਦਿ ਸਿਰਜਣ ਵਿਚ ਅਸਧਾਰਨ ਭੂਮਿਕਾ ਹੈ। ਭੂਗੋਲਿਕ ਚੌਗਿਰਦਾ ਕਿਸੇ ਵੀ ਸਭਿਆਚਾਰ ਦੇ ਸਰੂਪ ਦੀ ਸਿਰਜਣਾ ਵਿਚ ਲੰਮੇ ਸਮੇਂ ਦੇ ਇਕਾਗਰ ਬੇਰੋਕ ਅਮਲ ਰਾਹੀਂ ਫੈਸਲਾਕੁਨ ਰੋਲ ਅਦਾ ਕਰਦਾ ਹੈ। ਪਰ ਇਹ ਅਮਲ ਫੋਰੀ, ਸਿੱਧਾ ਸਪੱਸ਼ਟ ਅਤੇ ਸਮੇਂ ਦੇ ਨਿੱਕੇ ਖੰਡ ਵਿਚ ਨਹੀਂ ਵਾਪਰਦਾ ਸਗੋਂ ਹਜਾਰਾਂ ਸਾਲਾਂ ਦੇ ਨਿਰੰਤਰ ਪ੍ਰਵਾਹ ਦਾ ਸਿੱਟਾ ਹੈ। ਫ਼ਲਸਰੂਪ ਬਹੁਤੇ ਵਿਦਵਾਨ ਇਸੇ ਭੂਗੋਲਿਕ ਪਹਿਲੂ ਨੂੰ ਨਾ-ਸਿਰਫ ਨਿਰਜਿੰਦ ਵਰਤਾਰੇ ਵਜੋਂ ਹੀ ਪਛਾਣਦੇ ਹਨ ਬਲਕਿ ਇਸਦੇ ਸਰੂਪ ਤੇ ਅਮਲ ਪ੍ਰਤੀ ਅਗਿਆਨਤਾ ਕਾਰਨ ਇਸ ਅਹਿਮ ਪ੍ਰਭਾਵ ਨੂੰ ਨਜ਼ਰ ਅੰਦਾਜ਼ ਵੀ ਕਰਦੇ ਹਨ। ਉਹ ਸਿਰਫ ਇਸਦੇ ਬਾਹਰੀ, ਓਪਰੇ ਅਤੇ ਥੋੜੇ-ਚਿਰੇ ਪ੍ਰਭਾਵਾਂ ਪ੍ਰਤੀ ਹੀ ਆਪਣੀ ਜ਼ਿਆਦਾਤਰ ਰੁਚੀ ਅਤੇ ਉਲਾਰ ਦ੍ਰਿਸ਼ਟੀ ਅਪਣਾਉਂਦੇ ਹਨ। ਸੈਰ-ਸਪਾਟਾ ਇਸ ਪ੍ਰਸੰਗ ਵਿਚ ਭੂਗੋਲਿਕ ਪਰਿਵਰਤਨ ਦੇ ਮਾਧਿਅਮ ਰਾਹੀਂ ਵਿਭਿੰਨ ਸਭਿਆਚਾਰਕ ਸਿਰਜਨਾਵਾਂ ਨੂੰ ਵੀ ਬਦਲ ਬਕਦਾ ਹੈ। ਭੂਗੋਲ ਸਭਿਆਚਾਰ ਦਾ ਮੂਲ ਘਰ ਹੈ ਜਿਥੇ ਸਭਿਆਚਾਰ ਪਣਪਦਾ ਅਤੇ ਵਿਗਸਦਾ ਹੈ। ਜੇਕਰ ਕੋਈ ਮਾਨਵੀ ਸਮੂਹ ਸੈਰ-ਸਪਾਟੇ ਦੇ ਤਹਿਤ ਲੰਮੇ ਸਮੇਂ ਦੇ ਲਈ ਜਾਂ ਦੁਹਰਾਉ ਦੇ ਰੂਪ ਵਿਚ ਕਿਸੇ ਹੋਰ ਸਥਾਨ ਦੀ ਯਾਤਰਾ ਕਰਦਾ ਹੈ ਤਾਂ ਹੌਲੀ-ਹੌਲੀ ਉਹ ਵੀ ਨਵੇਂ ਭੂਗੋਲਿਕ ਚੌਗਿਰਦੇ ਦੇ ਅਨੁਸਾਰ ਪਰਿਵਰਤਿਤ ਹੋਣੋ ਨਹੀਂ ਬਚ ਸਕਦਾ। ਇਹ ਅਸਰ ਪਹਿਰਾਵੇ, ਭਾਸ਼ਾ, ਵਿਹਾਰ ਅਤੇ ਕਿਰਤ ਅਮਲ ਤੋਂ ਲੈ ਕੇ ਸਰੀਰਕ ਅਤੇ ਮਾਨਸਿਕ ਬਣਤਰ ਵਿਚ ਲੰਮੇ ਨਿਰੰਤਰ ਰੂਪਾਂਤਰਣ ਰਾਹੀਂ ਵਿਭਿੰਨ ਪਰਤਾਂ ਅਤੇ ਧਰਾਤਲਾਂ ਉੱਪਰ ਵਾਪਰਦਾ ਹੈ। ਭਾਵੇਂ ਇਨ੍ਹਾਂ ਵੱਖੋ-ਵੱਖਰੇ ਪਹਿਲੂਆਂ ਵਿਚ ਰੁਪਾਂਤਰਣ ਦੀ ਪ੍ਰਕਿਰਿਆ ਇਕ ਰੂਪ ਜਾਂ ਇਕਸਾਰ ਨਹੀਂ ਹੁੰਦੀ ਅਤੇ ਨਾ ਹੀ ਇਕੋ ਰਫ਼ਤਾਰ, ਇਕੋ ਦਿਸ਼ਾ ਜਾਂ ਇਕੋ ਸਰੂਪ ਦੀ ਧਾਰਨੀ ਹੁੰਦੀ ਹੈ ਸਗੋਂ ਹਰੇਕ ਰੂਪਾਂਤਰਣ ਪ੍ਰਕਿਰਿਆ ਆਪਣੇ ਖ਼ਾਸੇ ਦੇ ਅਨੁਕੂਲ ਵੱਖਰੇ ਗਤੀਕਾਰ, ਵੱਖਰੀ ਦਸ਼ਾ ਅਤੇ ਨਿਵੇਕਲੀ ਦਿਸ਼ਾ ਵਾਲੀ ਹੁੰਦੀ ਹੈ। ਭੂਗੋਲ ਸੈਰ-ਸਪਾਟਾ ਅਤੇ ਸਭਿਆਚਾਰਕ ਰੁਪਾਂਤਰਣ ਦੇ ਇਸ ਵਿਸ਼ੇਸ਼ ਪਹਿਲੂ ਨੂੰ ਕੇਵਲ ਵਿਗਿਆਨਕ ਪਹੁੰਚ ਵਿਧੀ ਨਾਲ ਹੀ ਸਮਝਿਆ, ਨਿਖੇੜਿਆ ਅਤੇ ਸਥਾਪਿਤ ਕੀਤਾ ਜਾ ਸਕਦਾ ਹੈ। ਯਥਾਰਥ ਵਿਚ ਇਹ ਤਿੰਨੇ ਸੰਕਲਪ ਮਾਨਵੀ ਦ੍ਰਿਸ਼ਟੀਕੋਣ ਤੋਂ ਸਮੱਚੀ ਇਨਸਾਨੀਅਤ ਨੂੰ ਅਖੌਤੀ ਰਾਜਸੀ ਸੀਮਾਵਾਂ ਦੇ ਬੰਧਨ ਤੋਂ ਆਜ਼ਾਦ ਕਰਦੇ ਹਨ। ਸੈਰ-ਸਪਾਟਾ ਭੂਗੋਲਿਕ ਦੂਰੀਆਂ ਖ਼ਤਮ ਕਰਕੇ ਕਿਸੇ ਵਿਸ਼ੇਸ਼ ਸਭਿਆਚਾਰ ਨੂੰ ਇਕ ਸੂਤਰ ਵਿਚ ਪਰੋ ਸਕਦਾ ਹੈ। ਇਸੇ ਲਈ ਨਿਰੋਲ ਵਕਤੀ ਅਤੇ ਲੋਟੂ ਰਾਜਸੀ

ਹੱਦਾਂ ਨੂੰ ਸਹੀ ਅੰਤਿਮ ਅਤੇ ਜਾਇਜ਼ ਨਹੀਂ ਮੰਨਿਆ ਜਾ ਸਕਦਾ। ਰਾਜਸੀ ਹੱਦਾਂ ਸਭਿਆਚਾਰਕ ਹੱਦਾਂ ਨਾਲੋਂ ਬੇਹੱਦ ਬਣਾਵਟੀ ਅਤੇ ਤੁਰੰਤ ਬਦਲਣ ਵਾਲੀਆਂ ਹੁੰਦੀਆਂ ਹਨ। ਰਾਜਸੀ ਸੀਮਾਵਾਂ ਨਿਰੀ ਸ਼ਕਤੀ, ਜ਼ੁਲਮ ਅਤੇ ਸੀਨਾਜ਼ੋਰੀ ਦੇ ਰਾਹੀਂ ਨਿਰਮਿਤ ਕੀਤੀਆਂ ਜਾਂਦੀਆ ਹਨ। ਪਰੰਤੂ ਇਸਦੇ ਮੁਕਾਬਲੇ ਸੈਰ-ਸਪਾਟਾ ਅਤੇ ਭੂਗੋਲ ਸਭਿਆਚਾਰਕ ਇਕਰੂਪਤਾ ਰਾਹੀਂ ਉਪਰੋਕਤ ਅਣ-ਮਨੁੱਖੀ ਸਾਜਿਸ਼ ਨੂੰ ਬੇਨਕਾਬ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ।

ਸੈਰ-ਸਪਾਟੇ ਦੇ ਖੇਤਰ ਬਾਰੇ ਇਕ ਸਰਵ-ਵਿਆਪਕ ਸੱਚ ਇਹ ਹੈ ਕਿ ਕਿਸੇ ਵੀ ਦੇਸ਼ ਦੀ ਆਰਥਿਕ ਤਰੱਕੀ ਵਿਚ ਇਹ ਵੱਡਾ ਯੋਗਦਾਨ ਪਾਉਂਦਾ ਹੈ। ਇਹ ਖੁਸ਼ਹਾਲੀ ਅੱਗੇ ਜਾ ਕੇ ਸਿੱਧੇ ਰੂਪ ਵਿਚ ਸਭਿਆਚਾਰ ਵਿਸ਼ੇਸ਼ ਦੇ ਸਰੂਪ ਨੂੰ ਵੀ ਪਰਿਭਾਸ਼ਿਤ ਕਰਦੀ ਹੈ। ਆਰਥਿਕ ਖੁਸ਼ਹਾਲੀ ਇਕ ਧਰਤਮੁਖੀ ਸਰੋਕਾਰ ਹੈ, ਪਰੰਤੂ ਸਭਿਆਚਾਰ ਇਕ ਆਕਾਸ਼ਮੁਖੀ ਸੰਕਲਪ ਹੈ। ਸੈਰ-ਸਪਾਟਾ ਇਨ੍ਹਾਂ ਦੋਵਾਂ ਵਿਚਲੇ ਆਪਸੀ ਖੱਪੇ ਨੂੰ ਪੂਰਨ ਦਾ ਕੰਮ ਕਰਦਾ ਹੈ। ਸੈਰ-ਸਪਾਟੇ ਦਾ ਪ੍ਰੇਰਣਾ ਸ੍ਰੋਤ ਸਭਿਆਚਾਰਕ ਹੈ ਪਰੰਤੂ ਇਸ ਦਾ ਸਿੱਟਾ ਮਜ਼ਬੂਤ ਆਰਥਿਕਤਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਸਪੱਸ਼ਟ ਹੈ ਕਿ ਹਰੇਕ ਸਭਿਆਚਾਰ ਦੀ ਆਪੋ-ਆਪਣੀ ਆਰਥਿਕ ਬਣਤਰ ਵਿਚ ਵੱਖੋ-ਵੱਖਰੇ ਆਰਥਿਕ ਅੰਸ਼ਾ ਦੀ ਪ੍ਰਧਾਨਤਾ ਹੁੰਦੀ ਹੈ। ਇਸ ਅਨੁਸਾਰ ਪ੍ਰਧਾਨ ਆਰਥਿਕ ਰਿਸ਼ਤੇ ਸਰੂਪ ਧਾਰਦੇ ਹਨ ਅਤੇ ਪ੍ਰਧਾਨ ਕਦਰਾ ਕੀਮਤਾਂ ਜਨਮ ਲੈਂਦੀਆਂ ਹਨ। ਇਸ ਲਈ ਭਾਵੇ ਇਨ੍ਹਾਂ ਆਰਥਿਕ ਬਣਤਰਾਂ ਦੇ ਪ੍ਰਧਾਨ ਅੰਸ਼ ਇਕੋ ਹੀ ਹੋਣਗੇ ਤਾਂ ਵੀ ਇਹ ਬਣਤਰਾਂ ਸਮੇਂ ਤੇ ਸਥਾਨ ਦੀਆਂ ਸੀਮਾਵਾਂ ਤੋਂ ਨਿਰਪੇਖ ਨਹੀਂ ਹੁੰਦੀਆਂ। ਇਹ ਜ਼ਰੂਰੀ ਨਹੀਂ ਕਿ ਕਿਸੇ ਇਕ ਦੇਸ਼ ਵਿਚਲੀ ਕੋਈ ਆਰਥਿਕ ਬਣਤਰ ਕਿਸੇ ਦੂਜੇ ਦੇਸ਼ ਦੀ ਉਸੇ ਤਰ੍ਹਾਂ ਦੀ ਆਰਥਿਕ ਬਣਤਰ ਨਾਲ ਆਪਣੇ ਸਾਰੇ ਵਿਸਥਾਰ ਵਿਚ ਇਕੋ ਜਿਹੀ ਹੋਵੇ। ਇਸ ਤੋਂ ਇਲਾਵਾ ਕਿਸੇ ਦੇਸ਼ ਦਾ ਸਮਾਜ਼ ਦੀਆਂ ਪਰੰਪਰਾਵਾਂ ਵੀ ਗੁਣਾਤਮਕ ਬਦਲੀ ਦੇ ਢੰਗ ਅਤੇ ਨਵੇਂ ਰੂਪ ਨਿਸ਼ਚਿਤ ਕਰਨ ਵਿਚ ਮੱਹਤਵਪੂਰਨ ਹਿੱਸਾ ਪਾਉਂਦੀਆਂ ਹਨ। ਜਿਸ ਦੇਸ਼ ਵਿਚ ਪੰਚਾਇਤੀ ਸੰਸਥਾਵਾਂ ਦੀ ਲਮੀ ਪਰੰਪਰਾ ਹੋਵੇਗੀ ਉਥੇ ਇਹੀ ਸੰਸਥਾਵਾਂ ਗੁਣਾਤਮਕ ਪਰਿਵਰਤਨ ਲਿਆਉਂਣ ਦਾ ਸਾਧਨ ਵੀ ਬਣ ਸਕਦੀਆਂ ਹਨ। ਇਸ ਪ੍ਰਸੰਗ ਵਿਚ ਸੈਰ-ਸਪਾਟੇ ਦੀ ਭੂਮਿਕਾ ਅਹਿਮ ਬਣ ਜਾਂਦੀ ਹੈ ਕਿਉਕਿ ਸੈਰ-ਸਪਾਟਾ ਕਿਸੇ ਵੀ ਸਭਿਆਚਾਰ ਵਿਚਲੀ ਆਰਥਿਕ ਸਰੰਚਨਾ ਨੂੰ ਅਪਨਾਉਣ ਦਾ ਮਹੱਤਵਪੂਰ ਮਾਧਿਅਮ ਬਣ ਸਕਦਾ ਹੈ। ਇਸ ਤੋਂ ਇਲਾਵਾ ਸੈਰ-ਸਪਾਟੇ ਦੇ ਵਪਾਰ ਦੇ ਸਿੱਟੇ

ਵਜੋਂ ਆਈ ਸਾਕਾਰਤਮਕ ਆਰਥਿਕ ਤਬਦੀਲੀ ਵੀ ਅਸਿੱਧੇ ਰੂਪ ਵਿਚ ਕਿਸੇ ਖਿੱਤੇ ਵਿਸ਼ੇਸ਼ ਦੇ ਸਭਿਆਚਾਰ ਦੀਆਂ ਕੀਮਤਾਂ ਵਿਚ ਤਬਦੀਲੀ ਦੀ ਫੈਸਲਾਕੁਨ ਭੂਮਿਕਾ ਨਿਭਾ ਸਕਦੀ ਹੈ।

ਇਸ ਪ੍ਰਕਾਰ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਨਿਸ਼ਕਰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਸਮੇਂ ਵਿਚ ਸੈਰ-ਸਪਾਟੇ ਦਾ ਇਕ ਸਭਿਆਚਾਰਕ ਵਰਤਾਰੇ ਵਜੋਂ ਅਧਿਐਨ ਕਰਨ ਦੀ ਵਿਸ਼ੇਸ਼ ਲੋੜ ਹੈ। ਇਹ ਅਜਿਹਾ ਹੀ ਮਸਲਾ ਹੈ ਜਿਸ ਤਰ੍ਹਾਂ ਕਿ ਮਨੁੱਖ ਦੇ 10% ਸੁਚੇਤ ਮਨ ਦਾ ਅਧਿਐਨ ਕਰਨ ਦੀ ਬਜਾਇ ਉਸ ਦੇ 90% ਅਚੇਤ ਮਨ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਨਾ। ਇਹ ਇਕ ਤੱਥ ਹੈ ਕਿ ਹਰ ਪਹਿਲੂ ਤੋਂ ਹੀ ਸੈਰ-ਸਪਾਟੇ ਦੇ ਰੋਸ਼ਨ ਭੱਵਿਖ ਲਈ ਉਨ੍ਹਾਂ ਸਾਰੇ ਸਭਿਆਚਾਰਕ ਪੱਖਾਂ ਦਾ ਮੁਲਾਂਕਣ ਕਰਨਾ ਲਾਜ਼ਮੀ ਹੈ ਜੋ ਕਿ ਇਸ ਦੀ ਪਿੱਠ-ਭੂਮੀ ਵਿਚ ਇਸਦੇ ਵਜੂਦ ਅਤੇ ਪ੍ਰੇਰਣਾ-ਸ੍ਰੋਤ ਵਜੋਂ ਕਾਰਜ਼ਸ਼ੀਲ ਹਨ। ਅਜਿਹੀ ਦ੍ਰਿਸ਼ਟੀ ਤੋਂ ਕੀਤਾ ਗਿਆ ਅਧਿਐਨ ਨਿਸ਼ਚੇ ਹੀ ਇਸ ਖੇਤਰ ਦੀਆਂ ਉਨ੍ਹਾਂ ਸੰਭਾਵਨਾਵਾਂ ਦਾ ਵੀ ਰਾਹ ਖੋਲੇਗਾ ਜਿਹੜੀਆਂ ਅਜੇ ਤੱਕ ਵਿਦਵਾਨਾਂ ਦੇ ਧਿਆਨ ਦਾ ਕੇਂਦਰ-ਬਿੰਦੂ ਨਹੀਂ ਬਣੀਆਂ।